# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਵੱਲ

1. ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਜ਼ਿਲਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੰਜਾਬ।
4. ਸਮੂਹ ਮੁੱਖ ਅਧਿਆਪਕ, ਸਰਕਾਰੀ ਹਾਈ ਅਤੇ ਮਿਡਲ ਸਕੂਲ, ਪੰਜਾਬ।
5. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋ ਨੰ: ਸਸਅ/2021/ਗ੍ਰੇਡਿੰਗ()/ 42641
ਮਿਤੀ: 22.02.2022

**ਵਿਸ਼ਾ: ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਰੇਡਿੰਗ ਸਬੰਧੀ**

**ਹਵਾਲਾ: ਇਸ ਦਫਤਰ ਦਾ ਪੱਤਰ ਨੰ ਸਸਅ/2021/ਗ੍ਰੇਡਿੰਗ ()/293252, ਮਿਤੀ 31.08.2021**

1. ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਰਾਹੀਂ ਵਿੱਚ ਲਿਖਿਆ ਗਿਆ ਸੀ ਕਿ ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਸਕੂਲ ਦੀ ਪੜਾਈ ਤੋਂ ਇਲਾਵਾ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਸਕੂਲ ਮੁੱਖੀਆਂ ਅਤੇ ਅਧਿਆਪਕਾਂ ਵਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਆਪਣੇ ਪੱਧਰ ਤੇ ਉਪਰਾਲੇ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਕੂਲਾਂ ਵਿੱਚ ਸਰਕਾਰ ਦੀ ਮਦਦ ਨਾਲ ਅਤੇ ਲੋਕਲ ਪੱਧਰ ਤੇ ਪੰਚਾਇਤ ਅਤੇ ਹੋਰ ਸੰਸਥਾਵਾਂ ਦੀ ਮਦਦ ਨਾਲ ਸਕੂਲ ਦਾ ਬੁਨਿਆਦੀ ਢਾਂਚਾ ਸਕੂਲ ਮੁੱਖੀਆਂ ਵਲੋਂ ਵਿਕਸਿਤ ਕੀਤਾ ਜਾਂਦਾ ਹੈ।
2. ਉਪਰੋਕਤ ਨੂੰ ਦੇਖਦੇ ਹੋਏ ਸਕੂਲਾਂ ਦੀ ਦਰਜਾਬੰਦੀ ਕੀਤੀ ਜਾ ਰਹੀ ਹੈ, ਜਿਸ ਨਾਲ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਵਿੱਚ ਆਪਸੀ Competition ਦੀ ਭਾਵਨਾ ਪੈਦਾ ਹੋਵੇਗੀ ਅਤੇ ਨਾਲ ਹੀ ਵੱਖ ਵੱਖ ਸਕੂਲਾਂ ਵਿੱਚ ਕੀਤੇ ਚੰਗੇ ਉਪਰਾਲਿਆਂ ਬਾਰੇ ਵੀ ਵਿਭਾਗ ਨੂੰ ਜਾਣਕਾਰੀ ਮਿਲੇਗੀ। ਇਸ ਤੋਂ ਇਲਾਵਾ ਸਕੂਲ ਮੁੱਖੀ ਵਲੋਂ ਸਕੂਲ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਸਕੂਲ ਲਈ ਸਲਾਨਾ ਯੋਜਨਾ ਤਿਆਰ ਕੀਤੀ ਜਾ ਸਕਦੀ ਹੈ। ਇਸ ਮੰਤਵ ਲਈ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਹਾਈ ਸਕੂਲਾਂ ਦੀ ਗਰੇਡਿੰਗ ਕੀਤੀ ਜਾਣੀ ਹੈ।
3. ਇਹਨਾਂ ਸਕੂਲਾਂ ਦੀ ਗਰੇਡਿੰਗ ਲਈ ਜੋ ਪੈਮਾਨੇ ਅਪਣਾਏ ਗਏ ਹਨ ਉਹ ਹੇਠ ਲਿਖੇ ਅਨੁਸਾਰ ਹਨ:

VI. ਸਕੂਲ ਦਾ ਵਿਦਿਆਰਥੀਆਂ ਦਾ ਸਲਾਨਾ ਨਤੀਜਾ ਅਤੇ ਅਧਿਆਪਕਾਂ ਦੀ ਉਪਲਭਧਤਾ।

VII. ਸਕੂਲ ਵਿੱਚ ਉਪਲਬਧ ਬੁਨਿਆਦੀ ਢਾਂਚਾ।

VIII. ਸਹਿਵਿਦਿਅਕ ਕ੍ਰਿਆਵਾਂ।

IX. ਵਿਦਿਆਰਥੀਆਂ ਦੀ ਹਾਜਰੀ।

X. ਐਸ.ਐਮ.ਸੀ ਅਤੇ ਆਮ ਲੋਕਾਂ ਦਾ ਸਕੂਲ ਵਿੱਚ ਯੋਗਦਾਨ।

4. ਆਪ ਨੂੰ ਲਿਖਿਆ ਗਿਆ ਸੀ ਕਿ ਆਪਣੇ ਸਕੂਲ ਦਾ epunjabschool ਪੋਰਟਲ ਦਾ ਡਾਟਾ ਅਤੇ ਆਪ ਜੀ ਦੇ ਨੋਡਲ ਅਧੀਨ ਆਉਂਦੇ ਪ੍ਰਾਇਮਰੀ ਸਕੂਲਾਂ ਦਾ ਡਾਟਾ ਪੱਤਰ ਜਾਰੀ ਹੋਣਦੇ 15 ਦਿਨਾਂ ਤੇ ਅੰਦਰ-ਅੰਦਰ epunjabschool ਪੋਰਟਲ ਤੇ ਅਪਲੋਡ ਕੀਤਾ ਜਾਵੇ। ਇਸ ਮੰਤਵ ਲਈ epunjabschool ਪੋਰਟਲ ਤੇ school login ਕਰਕੇ Other detail link ਅਧੀਨ school grading link ਦਿੱਤਾ ਗਿਆ ਹੈ। ਉਸ ਉਪਰੰਤ ਆਪ ਵਲੋਂ ਹੇਠ ਲਿਖੇ ਪੰਜ modules ਅਧੀਨ data ਭਰਿਆ ਜਾਣਾ ਹੈ:

f. School Results.

g. Infrastructure.

h. Co curricular Activities.

i. SMC & Public contribution.

j. Students Attendance.

5. ਇਹ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲਾਂ ਨੇ ਆਪਣੇ ਸਕੂਲ ਦਾ ਡਾਟਾ epunjabschool ਪੋਰਟਲ ਤੇ ਅਪਲੋਡ ਨਹੀਂ ਕੀਤਾ ਹੈ, ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਸਕੂਲ ਦਾ ਡਾਟਾ ਪੱਤਰ ਜਾਰੀ ਹੋਣ ਦੇ 3 ਦਿਨਾਂ ਦੇ ਅੰਦਰ-ਅੰਦਰ epunjabschool ਪੋਰਟਲ ਤੇ ਅਪਲੋਡ ਕੀਤਾ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ